# ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧ) ਐਕਟ, 2025

## (2025 ਦਾ ਪੰਜਾਬ ਐਕਟ ਨੰ: 13)

ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਵਿੱਚ ਹੋਰ ਸੋਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਿਅੱਤਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ (ਸੋਧ) ਐਕਟ, 2025 ਕਿਹਾ ਜਾ ਸਕੇਗਾ।

(2) ਜਿਵੇਂ ਹੋਰਵੇਂ ਉਪਬੰਧਤ ਨੂੰ ਛੱਡ ਕੇ, ਇਸ ਐਕਟ ਦੇ ਉਪਬੰਧ ਉਸ ਤਰੀਕ ਨੂੰ ਨਾਫ਼ਜ਼ ਹੋਣਗੇ ਜੋ ਪੰਜਾਬ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕਰੇ:

ਪਰੰਤੂ ਇਸ ਐਕਟ ਦੇ ਵੱਖ-ਵੱਖ ਉਪਬੰਧਾਂ ਲਈ ਵੱਖ-ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਦੀਆਂ ਹਨ ਅਤੇ ਅਜਿਹੇ ਕਿਸੇ ਵੀ ਉਪਬੰਧ ਵਿੱਚ ਇਸ ਐਕਟ ਦੇ ਅਰੰਭ ਹੋਣ ਦਾ ਹਵਾਲਾ, ਉਸ ਉਪਬੰਧ ਦੇ ਨਾਫ਼ਜ਼ ਹੋਣ ਦੇ ਹਵਾਲੇ ਵਜੋਂ ਮੰਨਿਆ ਜਾਵੇਗਾ।

2017 ਦੇ ਪੰਜਾਬ ਐਕਟ 5 ਦੀ ਧਾਰਾ 2 ਵਿੱਚ ਸੋਧ।

2. ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 (ਇਸ ਤੋਂ ਪਿੱਛੋਂ ਪ੍ਰਮੁੱਖ ਐਕਟ ਵਜੋਂ ਹਵਾਲਾ ਦਿੱਤਾ ਜਾਂਦਾ), ਧਾਰਾ 2 ਵਿੱਚ,-

(i) ਖੰਡ (61) ਵਿੱਚ, ਸ਼ਬਦ ਅਤੇ ਅੰਕ "ਧਾਰਾ 9" ਤੋਂ ਬਾਅਦ, ਸ਼ਬਦ, ਬਰੈਕਟਾਂ ਅਤੇ ਅੰਕ "ਇਸ ਐਕਟ ਦੀ ਜਾਂ ਏਕੀਕ੍ਰਿਤ ਵਸਤੂਆਂ ਅਤੇ

ਸੇਵਾਵਾਂ ਕਰ ਐਕਟ, 2017 ਦੀ ਧਾਰਾ 5 ਦੀ ਉਪ-ਧਾਰਾ (3) ਜਾਂ ਉਪ-ਧਾਰਾ (4) ਦੇ ਅਧੀਨ" 1 ਅਪ੍ਰੈਲ, 2025 ਤੋਂ ਸ਼ਾਮਲ ਕੀਤੇ ਸਮਝੇ ਜਾਣਗੇ;

(ii) ਖੰਡ (69) ਵਿੱਚ,-

(ੳ) ਉਪ-ਖੰਡ (ੲ) ਵਿੱਚ, ਸ਼ਬਦ "ਇੱਕ ਨਗਰਪਾਲਿਕਾ ਦਾ ਪ੍ਰਬੰਧਨ" ਤੋਂ ਬਾਅਦ, ਸ਼ਬਦ "ਫ਼ੰਡ" ਸ਼ਬਦ ਸ਼ਾਮਲ ਕੀਤਾ ਜਾਵੇਗਾ;

(ਅ) ਉਪ-ਖੰਡ (ੲ) ਤੋਂ ਬਾਅਦ, ਹੇਠ-ਲਿਖੀ ਵਿਆਖਿਆ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"ਵਿਆਖਿਆ.- ਇਸ ਉਪ-ਖੰਡ ਦੇ ਪ੍ਰਯੋਜਨਾਂ ਲਈ,-

(ੳ) "ਸਥਾਨਕ ਫ਼ੰਡ" ਦਾ ਮਤਲਬ ਹੈ ਇੱਕ ਪੰਚਾਇਤ ਖੇਤਰ ਦੇ ਸਬੰਧ ਵਿੱਚ ਨਾਗਰਿਕ ਕਾਰਜਾਂ ਨੂੰ ਨਿਭਾਉਣ ਲਈ ਸਥਾਪਤ ਸਥਾਨਕ ਸਵੈ-ਸ਼ਾਸਤ ਸਰਕਾਰ ਦੀ ਅਥਾਰਟੀ ਦੇ ਕੰਟਰੋਲ ਜਾਂ ਪ੍ਰਬੰਧਨ ਅਧੀਨ ਕੋਈ ਫ਼ੰਡ ਅਤੇ ਉਸ ਵਿੱਚ ਕਾਨੂੰਨ ਦੁਆਰਾ ਕੋਈ ਕਰ, ਮਸੂਲ, ਟੋਲ, ਉਪਕਰ ਜਾਂ ਫ਼ੀਸ, ਭਾਵੇਂ ਕਿਸੇ ਵੀ ਨਾਂ ਨਾਲ ਬੁਲਾਇਆ ਜਾਵੇ, ਲਗਾਉਣ, ਉਗਰਾਹੁਣ ਅਤੇ ਨਮਿੱਤਣ ਕਰਨ ਦੇ ਅਧਿਕਾਰ ਨਿਹਿਤ ਹਨ;

(ਅ) "ਨਗਰਪਾਲਕ ਫ਼ੰਡ" ਦਾ ਮਤਲਬ ਹੈ ਇੱਕ ਮਹਾਂਨਗਰ ਖੇਤਰ ਜਾਂ ਨਗਰਪਾਲਕ ਖੇਤਰ ਦੇ ਸਬੰਧ ਵਿੱਚ ਨਾਗਰਿਕ ਕਾਰਜਾਂ ਨੂੰ

ਨਿਭਾਉਣ ਲਈ ਸਥਾਪਤ ਸਥਾਨਕ ਸਵੈ-ਸ਼ਾਸਤ ਸਰਕਾਰ ਦੀ ਅਥਾਰਟੀ ਦੇ ਕੰਟਰੋਲ ਜਾਂ ਪ੍ਰਬੰਧਨ ਅਧੀਨ ਕੋਈ ਫੰਡ ਅਤੇ ਉਸ ਵਿੱਚ ਕਾਨੂੰਨ ਦੁਆਰਾ ਕੋਈ ਕਰ, ਮਸੂਲ, ਟੋਲ, ਉਪਕਰ ਜਾਂ ਫ਼ੀਸ, ਭਾਵੇਂ ਕਿਸੇ ਵੀ ਨਾਂ ਨਾਲ ਬੁਲਾਇਆ ਜਾਵੇ, ਲਗਾਉਣ, ਉਗਰਾਹੁਣ ਅਤੇ ਨਮਿੱਤਣ ਕਰਨ ਦੇ ਅਧਿਕਾਰ ਨਿਹਿਤ ਹਨ।"; ਅਤੇ

(iii) ਖੰਡ (116) ਤੋਂ ਬਾਅਦ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"(116ੳ) "ਵਿਲੱਖਣ ਪਛਾਣ ਚਿੰਨ੍ਹ-ਅੰਕਣ" ਦਾ ਮਤਲਬ ਹੈ ਧਾਰਾ 148ੳ ਦੀ ਉਪ-ਧਾਰਾ (2) ਦੇ ਖੰਡ (ਅ) ਵਿੱਚ ਹਵਾਲਾ ਦਿੱਤਾ ਵਿਲੱਖਣ ਪਛਾਣ ਚਿੰਨ-ਅੰਕਣ ਅਤੇ ਇਸ ਵਿੱਚ ਡਿਜੀਟਲ ਮੁਹਰ, ਡਿਜੀਟਲ ਚਿੰਨ੍ਹ ਜਾਂ ਉਸ ਵਰਗਾ ਕੋਈ ਹੋਰ ਚਿੰਨ੍ਹ-ਅੰਕਣ ਸ਼ਾਮਲ ਹੈ ਜੋ ਵਿਲੱਖਣ, ਸੁਰੱਖਿਅਤ ਅਤੇ ਅਣ-ਹਟਾਉਣਯੋਗ ਹੈ;"।

2017 ਦੇ ਪੰਜਾਬ ਐਕਟ 5 ਦੀ ਧਾਰਾ 12 ਵਿੱਚ ਸੋਧ।

3. ਪ੍ਰਮੁੱਖ ਐਕਟ ਵਿੱਚ, ਧਾਰਾ 12 ਵਿੱਚ, ਉਪ-ਧਾਰਾ (4) ਲੋਪ ਕੀਤੀ ਜਾਵੇਗੀ।

2017 ਦੇ ਪੰਜਾਬ ਐਕਟ 5 ਦੀ ਧਾਰਾ 13 ਵਿੱਚ ਸੋਧ।

4. ਪ੍ਰਮੁੱਖ ਐਕਟ ਵਿੱਚ, ਧਾਰਾ 13 ਵਿੱਚ, ਉਪ-ਧਾਰਾ (4) ਲੋਪ ਕੀਤੀ ਜਾਵੇਗੀ।

2017 ਦੇ ਪੰਜਾਬ ਐਕਟ 5 ਦੀ ਧਾਰਾ 17 ਵਿੱਚ ਸੋਧ।

5. ਪ੍ਰਮੁੱਖ ਐਕਟ ਵਿੱਚ, ਧਾਰਾ 17 ਵਿੱਚ, ਉਪ-ਧਾਰਾ (5) ਵਿੱਚ, ਖੰਡ (ਸ) ਵਿੱਚ,-

(i) ਸ਼ਬਦ "ਪਲਾਂਟ ਜਾਂ ਮਸ਼ੀਨਰੀ" ਦੀ ਥਾਂ, ਸ਼ਬਦ "ਪਲਾਂਟ ਅਤੇ ਮਸ਼ੀਨਰੀ" ਪ੍ਰਤੀਸਥਾਪਤ ਕੀਤੇ ਜਾਣਗੇ ਅਤੇ 1 ਜੁਲਾਈ, 2017 ਤੋਂ ਪ੍ਰਤੀਸਥਾਪਤ ਹੋਏ ਸਮਝੇ ਜਾਣਗੇ; ਅਤੇ

(ii) ਵਿਆਖਿਆ ਨੂੰ ਇਸ ਦੀ ਵਿਆਖਿਆ 1 ਵਜੋਂ ਨੰਬਰ ਲਗਾਇਆ ਜਾਵੇਗਾ, ਅਤੇ ਇਸ ਤਰ੍ਹਾਂ ਨੰਬਰ ਲਗਾਈ ਵਿਆਖਿਆ 1 ਤੋਂ ਬਾਅਦ, ਹੇਠ-ਲਿਖੀ ਵਿਆਖਿਆ ਜੋੜੀ ਜਾਵੇਗੀ, ਅਰਥਾਤ:-

"ਵਿਆਖਿਆ 2.- ਖੰਡ (ਸ) ਦੇ ਪ੍ਰਯੋਜਨਾਂ ਲਈ, ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਦਾਲਤ, ਟ੍ਰਿਬਿਊਨਲ ਜਾਂ ਹੋਰ ਅਥਾਰਟੀ ਦੇ ਨਿਰਣੇ, ਡਿਗਰੀ ਜਾਂ ਹੁਕਮ ਵਿੱਚ ਇਸ ਦੇ ਉਲਟ ਦਰਜ ਕੁੱਝ ਵੀ ਹੁੰਦਿਆਂ ਹੋਇਆਂ ਵੀ, "ਪਲਾਂਟ ਜਾਂ ਮਸ਼ੀਨਰੀ" ਦੇ ਕਿਸੇ ਵੀ ਹਵਾਲੇ ਤੋਂ "ਪਲਾਂਟ ਅਤੇ ਮਸ਼ੀਨਰੀ" ਦੇ ਹਵਾਲੇ ਵਜੋਂ ਅਰਥ ਕੱਢਿਆ ਅਤੇ ਹਮੇਸ਼ਾਂ ਅਰਥ ਕੱਢਿਆ ਸਮਝਿਆ ਜਾਵੇਗਾ।"।

2017 ਦੇ ਪੰਜਾਬ ਐਕਟ 5 ਦੀ ਧਾਰਾ 20 ਵਿੱਚ ਸੋਧ।

6. ਪ੍ਰਮੁੱਖ ਐਕਟ ਵਿੱਚ, ਧਾਰਾ 20 ਵਿੱਚ, 1 ਅਪ੍ਰੈਲ, 2025 ਤੋਂ,-

(i) ਉਪ-ਧਾਰਾ (1) ਵਿੱਚ, ਸ਼ਬਦ ਅਤੇ ਅੰਕ "ਧਾਰਾ 9" ਤੋਂ ਬਾਅਦ, ਸ਼ਬਦ, ਬਰੈਕਟਾਂ ਅਤੇ ਅੰਕ "ਇਸ ਐਕਟ ਦੀ ਜਾਂ ਏਕੀਕ੍ਰਿਤ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 5 ਦੀ ਉਪ-ਧਾਰਾ (3) ਜਾਂ ਉਪ-ਧਾਰਾ (4) ਅਧੀਨ" ਅੰਤਰਸਥਾਪਤ ਕੀਤੇ ਜਾਣਗੇ; ਅਤੇ

(ii) ਉਪ-ਧਾਰਾ (2) ਵਿੱਚ, ਸ਼ਬਦ ਅਤੇ ਅੰਕ "ਧਾਰਾ 9" ਤੋਂ ਬਾਅਦ, ਸ਼ਬਦ, ਬਰੈਕਟਾਂ ਅਤੇ ਅੰਕ "ਇਸ ਐਕਟ ਦੀ ਜਾਂ ਏਕੀਕ੍ਰਿਤ ਵਸਤੂਆਂ ਅਤੇ ਸੇਵਾਵਾਂ

ਕਰ ਐਕਟ, 2017 ਦੀ ਧਾਰਾ 5 ਦੀ ਉਪ-ਧਾਰਾ (3) ਜਾਂ ਉਪ-ਧਾਰਾ (4) ਅਧੀਨ" ਅੰਤਰਸਥਾਪਤ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 34 ਵਿੱਚ ਸੋਧ।

7. ਪ੍ਰਮੁੱਖ ਐਕਟ ਵਿੱਚ, ਧਾਰਾ 34 ਵਿੱਚ, ਉਪ-ਧਾਰਾ (2) ਵਿੱਚ, ਮੌਜੂਦਾ ਪਰੰਤੁਕ ਲਈ, ਹੇਠ-ਲਿਖੀ ਪਰੰਤੁਕ ਪ੍ਰਤੀਸਥਾਪਤ ਕੀਤੀ ਜਾਵੇਗੀ, ਅਰਥਾਤ:-

"ਪਰੰਤੂ ਪੂਰਤੀਕਾਰ ਦੀ ਉਤਪਾਦਨ ਕਰ ਦੇਣਦਾਰੀ ਵਿੱਚ ਕਿਸੇ ਕਮੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਜੇਕਰ,-

(i) ਅਜਿਹੇ ਉਧਾਰ ਨੋਟ ਦੇ ਕਾਰਨ ਮੰਨਿਆ ਜਾ ਸਕਦਾ ਹੈ ਨਿਵੇਸ਼ ਕਰ ਉਧਾਰ, ਜੇਕਰ ਫ਼ਾਇਦਾ ਉਠਾਇਆ ਗਿਆ ਹੈ, ਪ੍ਰਾਪਤ ਕਰਤਾ ਦੁਆਰਾ ਉਲਟਾਇਆ ਨਹੀਂ ਗਿਆ ਹੈ, ਜਿੱਥੇ ਅਜਿਹਾ ਪ੍ਰਾਪਤ ਕਰਤਾ ਇੱਕ ਰਜਿਸਟਰਸ਼ੁਦਾ ਵਿਅਕਤੀ ਹੈ; ਜਾਂ

(ii) ਦੂਜੇ ਮਾਮਲਿਆਂ ਵਿੱਚ, ਅਜਿਹੀ ਸਪਲਾਈ ਤੇ ਕਰ ਦਾ ਬੋਝ ਕਿਸੇ ਹੋਰ ਵਿਅਕਤੀ ਨੂੰ ਮੁੰਤਕਿਲ ਕੀਤਾ ਗਿਆ ਹੈ।"।

2017 ਦੇ ਪੰਜਾਬ ਐਕਟ 5 ਦੀ ਧਾਰਾ 38 ਵਿੱਚ ਸੋਧ।

8. ਪ੍ਰਮੁੱਖ ਐਕਟ ਵਿੱਚ, ਧਾਰਾ 38 ਵਿੱਚ,-

(i) ਉਪ-ਧਾਰਾ (1) ਵਿੱਚ, ਸ਼ਬਦ "ਇੱਕ ਸਵੈ-ਪੈਦਾ ਕੀਤਾ ਵਿਵਰਣ" ਦੀ ਥਾਵੇਂ, ਸ਼ਬਦ "ਇੱਕ ਵਿਵਰਣ" ਪ੍ਰਤੀਸਥਾਪਤ ਕੀਤੇ ਜਾਣਗੇ; ਅਤੇ

(ii) ਉਪ-ਧਾਰਾ (2) ਵਿੱਚ,-

(ੳ) ਸ਼ਬਦ "ਸਵੈ ਪੈਦਾ ਕੀਤਾ ਵਿਵਰਣ ਅਧੀਨ" ਦੀ ਥਾਵੇਂ, ਸ਼ਬਦ "ਹਵਾਲਾ ਦਿੱਤਾ ਵਿਵਰਣ" ਪ੍ਰਤੀਸਥਾਪਤ ਕੀਤੇ ਜਾਣਗੇ;

(ਅ) ਖੰਡ (ੳ) ਵਿੱਚ, ਅੰਤ ਤੇ, ਸ਼ਬਦ "ਅਤੇ" ਲੋਪ ਕੀਤਾ ਜਾਵੇਗਾ;

(ੲ) ਖੰਡ (ਅ) ਵਿੱਚ, ਸ਼ਬਦ "ਪ੍ਰਾਪਤ ਕਰਤਾ ਦੁਆਰਾ" ਤੋਂ ਬਾਅਦ, ਸ਼ਬਦ "ਜਿਸ ਵਿੱਚ ਸ਼ਾਮਲ ਹਨ" ਅੰਤਰਸਥਾਪਤ ਕੀਤੇ ਜਾਣਗੇ; ਅਤੇ

(ਸ) ਖੰਡ (ਅ) ਤੋਂ ਬਾਅਦ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"(ੲ) ਅਜਿਹੇ ਹੋਰ ਵੇਰਵੇ, ਜਿਵੇਂ ਮੁਕੱਰਰ ਕੀਤੇ ਜਾਣ।"।

2017 ਦੇ ਪੰਜਾਬ ਐਕਟ 5 ਦੀ ਧਾਰਾ 39 ਵਿੱਚ ਸੋਧ।

9. ਪ੍ਰਮੁੱਖ ਐਕਟ ਵਿੱਚ, ਧਾਰਾ 39 ਵਿੱਚ, ਉਪ-ਧਾਰਾ (1) ਵਿੱਚ, ਸ਼ਬਦਾਂ "ਅਤੇ ਅਜਿਹੇ ਸਮੇਂ ਦੇ ਅੰਦਰ" ਦੀ ਥਾਵੇਂ, ਸ਼ਬਦ "ਅਜਿਹੇ ਸਮੇਂ ਦੇ ਅੰਦਰ, ਅਤੇ ਅਜਿਹੀਆਂ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ" ਪ੍ਰਤੀਸਥਾਪਤ ਕੀਤੇ ਜਾਣਗੇ।

2017 ਦੇ ਪੰਜਾਬ ਐਕਟ 5 ਦੀ ਧਾਰਾ 107 ਵਿੱਚ ਸੋਧ।

10. ਪ੍ਰਮੁੱਖ ਐਕਟ ਵਿੱਚ, ਧਾਰਾ 107 ਵਿੱਚ, ਉਪ-ਧਾਰਾ (6) ਵਿੱਚ, ਮੌਜੂਦਾ ਪਰੰਤੁਕ ਦੀ ਥਾਵੇਂ, ਹੇਠ-ਲਿਖਿਆ ਪਰੰਤੁਕ ਪ੍ਰਤੀਸਥਾਪਤ ਕੀਤਾ ਜਾਵੇਗਾ, ਅਰਥਾਤ:-

"ਪਰੰਤੂ ਕਿਸੇ ਕਰ ਦੀ ਮੰਗ ਪਲਿੱਚਣ ਤੋਂ ਬਿਨ੍ਹਾਂ ਡੰਨ ਦੀ ਮੰਗ ਕਰਨ ਵਾਲੇ ਕਿਸੇ ਹੁਕਮ ਦੇ ਮਾਮਲੇ ਵਿੱਚ, ਅਜਿਹੇ ਹੁਕਮ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਅਪੀਲਕਰਤਾ ਦੁਆਰਾ ਉਕਤ ਡੰਨ ਦੇ ਦਸ ਪ੍ਰਤੀਸ਼ਤ ਦੇ ਬਰਾਬਰ ਦੀ ਰਕਮ ਅਦਾ ਨਹੀਂ ਕੀਤੀ ਜਾਂਦੀ ਹੈ।"।

2017 ਦੇ ਪੰਜਾਬ ਐਕਟ 5 ਦੀ ਧਾਰਾ 112 ਵਿੱਚ ਸੋਧ।

11. ਪ੍ਰਮੁੱਖ ਐਕਟ ਵਿੱਚ, ਧਾਰਾ 112 ਵਿੱਚ, ਉਪ-ਧਾਰਾ (8) ਵਿੱਚ, ਹੇਠ-ਲਿਖਿਆ ਪਰੰਤੁਕ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"ਪਰੰਤੂ ਕਿਸੇ ਕਰ ਦੀ ਮੰਗ ਪਲਿੱਚਣ ਤੋਂ ਬਿਨ੍ਹਾਂ ਡੰਨ ਦੀ ਮੰਗ ਕਰਨ ਵਾਲੇ ਕਿਸੇ ਹੁਕਮ ਦੇ ਮਾਮਲੇ ਵਿੱਚ, ਅਜਿਹੇ ਹੁਕਮ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਅਪੀਲਕਰਤਾ ਦੁਆਰਾ ਧਾਰਾ 107 ਦੀ ਉਪ-ਧਾਰਾ (6) ਦੇ ਪਰੰਤੁਕ ਅਧੀਨ ਅਦਾਇਗੀਯੋਗ ਰਕਮ ਤੋਂ ਇਲਾਵਾ, ਉਕਤ ਜੁਰਮਾਨੇ ਦੇ ਦਸ ਪ੍ਰਤੀਸ਼ਤ ਦੇ ਬਰਾਬਰ ਦੀ ਰਕਮ ਅਦਾ ਨਹੀਂ ਕੀਤੀ ਜਾਂਦੀ ਹੈ।"।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 122ਅ ਅੰਤਰਸਥਾਪਨ।

12. ਪ੍ਰਮੁੱਖ ਐਕਟ ਵਿੱਚ, ਧਾਰਾ 122ੳ ਤੋਂ ਬਾਅਦ, ਹੇਠ-ਲਿਖੀ ਧਾਰਾ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ:-

ਭਾਲਣ ਅਤੇ ਲੱਭਣ ਪ੍ਰਬੰਧ ਦੀ ਪਾਲਣਾ ਕਰਨ ਵਿੱਚ ਅਸਫ਼ਲ ਹੋਣ 'ਤੇ ਡੰਨ।

"122ਅ. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ 148ੳ ਦੀ ਉਪ-ਧਾਰਾ (1) ਦੇ ਖੰਡ (ਅ) ਵਿੱਚ ਹਵਾਲਾ ਦਿੱਤਾ ਕੋਈ ਵਿਅਕਤੀ ਉਕਤ ਧਾਰਾ ਦੇ ਉਪਬੰਧਾਂ ਦੀ ਉਲੰਘਣਾ ਵਿੱਚ ਕਾਰਜ ਕਰਦਾ ਹੈ, ਤਾਂ ਉਹ, ਅਧਿਆਏ XV ਜਾਂ ਇਸ ਅਧਿਆਏ ਦੇ ਉਪਬੰਧਾਂ ਤੋਂ ਇਲਾਵਾ, ਇੱਕ ਲੱਖ ਰੁਪਏ ਜਾਂ ਅਜਿਹੇ ਮਾਲ ਤੇ ਅਦਾ ਕੀਤੇ ਜਾਣ ਵਾਲੇ ਕਰ ਦੇ ਦਸ ਪ੍ਰਤੀਸ਼ਤ, ਜੋ ਵੀ ਵੱਧ ਹੋਵੇ, ਦੇ ਬਰਾਬਰ ਦਾ ਡੰਨ ਅਦਾ ਕਰਨ ਲਈ ਭਾਗੀ ਹੋਵੇਗਾ।"।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 148ੳ ਅੰਤਰਸਥਾਪਨ।

13. ਪ੍ਰਮੁੱਖ ਐਕਟ ਵਿੱਚ, ਧਾਰਾ 148 ਤੋਂ ਬਾਅਦ, ਹੇਠ-ਲਿਖੀ ਧਾਰਾ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ:-

ਕੁਝ ਮਾਲ ਨੂੰ ਭਾਲਣ ਅਤੇ ਲੱਭਣ ਲਈ ਪ੍ਰਬੰਧ।

"148ੳ. (1) ਸਰਕਾਰ, ਅਧਿਸੂਚਨਾ ਦੁਆਰਾ, ਪਰਿਸ਼ਦ ਦੀਆਂ ਸਿਫ਼ਾਰਸ਼ਾਂ ਤੇ,-

(ੳ) ਮਾਲ;

(ਅ) ਵਿਅਕਤੀ ਜਾਂ ਵਿਅਕਤੀਆਂ ਦੀ ਸ਼੍ਰੇਣੀ ਜਿਨ੍ਹਾਂ ਕੋਲ ਅਜਿਹੇ ਮਾਲ ਦਾ ਕਬਜ਼ਾ ਹੈ ਜਾਂ ਅਜਿਹੇ ਮਾਲ ਨਾਲ ਵਰਤ-ਵਿਹਾਰ ਕਰਦੇ ਹਨ ਜਿਨ੍ਹਾਂ ਤੇ ਇਸ ਧਾਰਾ ਦੇ ਉਪਬੰਧ ਲਾਗੂ ਹੁੰਦੇ ਹਨ,

ਨੂੰ ਉਲਿਖਤ ਕਰ ਸਕਦੀ ਹੈ।

2017 ਦੇ ਪੰਜਾਬ ਐਕਟ 5 ਵਿੱਚ ਨਵੀਂ ਧਾਰਾ 148ੳ ਅੰਤਰਸਥਾਪਤ।

(2) ਸਰਕਾਰ, ਉਪ-ਧਾਰਾ (1) ਦੇ ਖੰਡ (ੳ) ਵਿੱਚ ਹਵਾਲਾ ਦਿੱਤੇ ਮਾਲ ਦੇ ਬਾਰੇ,-

(ੳ) ਵਿਲੱਖਣ ਪਛਾਣ ਅੰਕਣ-ਚਿੰਨ੍ਹ ਚਿਪਕਾਉਣ ਦੇ ਸਮਰਥ ਬਣਾਉਣ ਅਤੇ ਇਲੈਕਟ੍ਰਾਨਿਕ ਸਟੋਰਕਰਨ ਅਤੇ ਉਸ ਵਿਚਲੀ ਸੂਚਨਾ ਦੀ ਪਹੁੰਚ ਲਈ, ਅਜਿਹੇ ਵਿਅਕਤੀਆਂ ਰਾਹੀਂ, ਜਿਵੇਂ ਮੁਕੱਰਰ ਕੀਤਾ ਹੋਵੇ, ਇੱਕ ਪ੍ਰਣਾਲੀ ਉਪਬੰਧਤ ਕਰ ਸਕੇਗੀ; ਅਤੇ

(ਅ) ਅਜਿਹੇ ਮਾਲ ਲਈ ਜਿਸ ਵਿੱਚ ਉਸ ਵਿੱਚ ਦਰਜ ਸੂਚਨਾ ਵੀ ਸ਼ਾਮਲ ਹੈ, ਵਿਲੱਖਣ ਪਛਾਣ ਅੰਕਣ-ਚਿੰਨ੍ਹ ਮੁਕੱਰਰ ਕਰ ਸਕੇਗੀ।

(3) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਵਿਅਕਤੀ,-

(ੳ) ਉਕਤ ਮਾਲ ਜਾਂ ਉਸ ਦੇ ਪੈਕੇਜਾਂ 'ਤੇ ਅਜਿਹੀ ਸੂਚਨਾ ਰੱਖਦਾ ਅਤੇ ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਵਿਲੱਖਣ ਪਛਾਣ ਅੰਕਣ-ਚਿੰਨ੍ਹ ਚਿਪਕਾਉਣਗੇ;

(ਅ) ਅਜਿਹੇ ਸਮੇਂ ਦੇ ਅੰਦਰ ਅਜਿਹੀ ਸੂਚਨਾ ਅਤੇ ਵੇਰਵੇ ਦੇਣਗੇ ਅਤੇ ਅਜਿਹੇ ਰਿਕਾਰਡ ਜਾਂ ਦਸਤਾਵੇਜ਼, ਅਜਿਹੇ ਰੂਪ ਵਿੱਚ ਅਤੇ ਤਰੀਕੇ ਨਾਲ ਸੰਭਾਲਣਗੇ ਜਿਵੇਂ ਮੁਕੱਰਰ ਕੀਤਾ ਜਾਵੇ;

(ੲ) ਅਜਿਹੇ ਮਾਲ ਦੇ ਨਿਰਮਾਣ ਦੇ ਕਾਰੋਬਾਰ ਵਾਲੀ ਜਗ੍ਹਾ ਤੇ ਲਗਾਈ ਮਸ਼ੀਨਰੀ ਦੇ ਵੇਰਵੇ, ਜਿਸ ਵਿੱਚ ਪਛਾਣ, ਸਮਰੱਥਾ ਅਮਲ ਦੀ ਮੁਨਿਆਦ ਅਤੇ ਅਜਿਹੇ ਹੋਰ ਵੇਰਵੇ ਜਾਂ ਸੂਚਨਾ ਸ਼ਾਮਲ ਹੈ, ਅਜਿਹੇ ਸਮੇਂ ਦੇ ਅੰਦਰ ਅਤੇ ਅਜਿਹੇ ਰੂਪ ਅਤੇ ਤਰੀਕੇ ਨਾਲ ਦੇਣਗੇ, ਜਿਵੇਂ ਮੁਕੱਰਰ ਕੀਤਾ ਜਾਵੇ;

(ਸ) ਉਪ-ਧਾਰਾ (2) ਵਿੱਚ ਹਵਾਲਾ ਦਿੱਤੀ ਪ੍ਰਣਾਲੀ ਦੇ ਸਬੰਧ ਵਿੱਚ ਅਜਿਹੀ ਰਕਮ

ਅਦਾ ਕਰਨਗੇ, ਜਿਵੇਂ ਮੁਕੱਰਰ ਕੀਤਾ ਜਾਵੇ।"।

2017 ਦੇ ਪੰਜਾਬ ਐਕਟ 5 ਦੀ ਅਨੁਸੂਚੀ III ਵਿੱਚ ਸੋਧ।

14. ਪ੍ਰਮੁੱਖ ਐਕਟ ਵਿੱਚ, ਅਨੁਸੂਚੀ III ਵਿੱਚ,-

(i) ਪੈਰ੍ਹਾ 8 ਵਿੱਚ, ਖੰਡ (ੳ) ਤੋਂ ਬਾਅਦ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ ਅਤੇ 1 ਜੁਲਾਈ, 2017 ਤੋਂ ਅੰਤਰਸਥਾਪਤ ਕੀਤਾ ਹੋਇਆ ਸਮਝਿਆ ਜਾਵੇਗਾ, ਅਰਥਾਤ:-

"(ੳੳ) ਬਰਾਮਦ ਲਈ ਨਿਕਾਸੀ ਤੋਂ ਪਹਿਲਾਂ ਜਾਂ ਘਰੇਲੂ ਟੈਰਿਫ਼ ਖੇਤਰ ਵਿੱਚ ਕਿਸੇ ਵਿਅਕਤੀ ਨੂੰ ਵਿਸ਼ੇਸ਼ ਆਰਥਿਕ ਜ਼ੋਨ ਜਾਂ ਇੱਕ ਬੇਰੋਕ ਵਪਾਰ ਭੰਡਾਰਨ ਜ਼ੋਨ ਵਿੱਚ ਭੰਡਾਰਨ ਕੀਤੇ ਮਾਲ ਦੀ ਸਪਲਾਈ;";

(ii) ਵਿਆਖਿਆ 2 ਵਿੱਚ, ਸ਼ਬਦਾਂ "ਦੇ ਪ੍ਰਯੋਜਨਾਂ ਲਈ" ਤੋਂ ਬਾਅਦ, ਸ਼ਬਦ, ਬਰੈਕਟਾਂ ਅਤੇ ਅੱਖਰ "ਦਾ ਖੰਡ (ੳ)" ਅੰਤਰਸਥਾਪਤ ਕੀਤੇ ਜਾਣਗੇ ਅਤੇ 1 ਜੁਲਾਈ, 2017 ਤੋਂ ਅੰਤਰਸਥਾਪਤ ਕੀਤੇ ਹੋਏ ਸਮਝੇ ਜਾਣਗੇ;

(iii) ਵਿਆਖਿਆ 2 ਤੋਂ ਪਿੱਛੋਂ, ਹੇਠ-ਲਿਖੀ ਵਿਆਖਿਆ ਅੰਤਰਸਥਾਪਤ ਕੀਤੀ ਜਾਵੇਗੀ ਅਤੇ 1 ਜੁਲਾਈ, 2017 ਤੋਂ ਅੰਤਰਸਥਾਪਤ ਕੀਤੀ ਹੋਈ ਸਮਝੀ ਜਾਵੇਗੀ, ਅਰਥਾਤ:-

"ਵਿਆਖਿਆ 3.- ਪੈਰ੍ਹਾ 8 ਦੇ ਖੰਡ (ੳੳ) ਦੇ ਪ੍ਰਯੋਜਨਾਂ ਲਈ, ਪਦਾਂ "ਵਿਸ਼ੇਸ਼ ਆਰਥਿਕ ਜ਼ੋਨ", "ਬੇਰੋਕ ਵਪਾਰ ਭੰਡਾਰਨ ਜ਼ੋਨ" ਅਤੇ

"ਘਰੇਲੂ ਟੈਰਿਫ਼ ਖੇਤਰ" ਦੇ ਕ੍ਰਮਵਾਰ ਉਹੀ ਅਰਥ ਹੋਣਗੇ ਜੋ ਉਨ੍ਹਾਂ ਨੂੰ ਵਿਸ਼ੇਸ਼ ਆਰਥਿਕ ਜ਼ੋਨ ਐਕਟ, 2005 ਦੀ ਧਾਰਾ 2 ਵਿੱਚ ਦਿੱਤੇ ਗਏ ਹਨ।"।

ਉਗਰਾਹੇ ਗਏ ਕਰ ਦਾ ਕੋਈ ਰਿਫੰਡ ਨਾ ਹੋਣਾ।

15. ਅਜਿਹੇ ਸਾਰੇ ਕਰ ਦਾ ਕੋਈ ਰਿਫ਼ੰਡ ਨਹੀਂ ਕੀਤਾ ਜਾਵੇਗਾ ਜੋ ਉਗਰਾਹਿਆ ਜਾ ਚੁੱਕਾ ਹੈ, ਪ੍ਰੰਤੂ ਜੋ ਇਸ ਤਰ੍ਹਾਂ ਉਗਰਾਹਿਆ ਨਹੀਂ ਜਾਣਾ ਸੀ ਜੇਕਰ ਧਾਰਾ 14 ਸਾਰੇ ਤਤਵਿਕ ਸਮਿਆਂ ਤੇ ਨਾਫ਼ਜ਼ ਹੁੰਦੀ।

ਸਹੀ/-
ਦੇਵਿੰਦਰ ਕੁਮਾਰ ਗੁਪਤਾ
ਕਾਨੂੰਨੀ ਮਸ਼ੀਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

## ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ

ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017, ਰਾਜ ਸਰਕਾਰ ਦੁਆਰਾ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਅੰਤਰ-ਰਾਜ ਸਪਲਾਈ 'ਤੇ ਟੈਕਸ ਲਗਾਉਣ ਅਤੇ ਇਕੱਤਰ ਕਰਨ ਦਾ ਉਪਬੰਧ ਕਰਨ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਸੀ। *GST* ਪ੍ਰਣਾਲੀ ਦੇ ਅਧੀਨ ਪਾਲਣਾ ਨੂੰ ਵਧਾਉਣ ਦੇ ਉਦੇਸ਼ ਨਾਲ ਕੇਂਦਰੀ ਵਸਤੂਆਂ ਅਤੇ ਸੇਵਾਵਾਂ ਟੈਕਸ ਐਕਟ 2017, ਜੋ ਕਿ ਵਿੱਤ ਐਕਟ, 2025 ਦੁਆਰਾ ਸੰਸ਼ੋਧਿਤ ਕੀਤਾ ਗਿਆ ਹੈ, ਦੇ ਉਪਬੰਧਾਂ ਨਾਲ ਇਕਸਾਰਤਾ ਬਣਾਈ ਰੱਖਣ ਲਈ ਪੰਜਾਬ ਵਸਤੂ ਅਤੇ ਸੇਵਾਵਾਂ ਟੈਕਸ ਐਕਟ, 2017 ("ਪੀਜੀਐਸਟੀ ਐਕਟ") ਵਿੱਚ ਸੋਧ ਕਰਨ ਦੀ ਲੋੜ ਹੈ।ਇਨਪੁਟ ਸਰਵਿਸ ਡਿਸਟ੍ਰੀਬਿਊਟਰ *(ISD)* ਦੀ ਪਰਿਭਾਸ਼ਾ ਵਿੱਚ ਸੋਧ ਸੰਬੰਧੀ ਇਹ ਉਪਬੰਧ ਹਨ ਤਾਂ ਜੋ ਰਿਵਰਸ ਚਾਰਜ ਦੇ ਆਧਾਰ 'ਤੇ ਅੰਤਰ-ਰਾਜੀ ਸਪਲਾਈ ਲਈ ਇਨਪੁਟ ਟੈਕਸ ਕ੍ਰੈਡਿਟ *(ITC)* ਦੀ ਵੰਡ ਨੂੰ ਸ਼ਾਮਲ ਕੀਤਾ ਜਾ ਸਕੇ, ਟ੍ਰੈਕ-ਐਂਡ-ਟਰੇਸ ਵਿਧੀ ਦੇ ਤਹਿਤ ਕੁਝ ਵਸਤੂਆਂ ਲਈ "ਵਿਲੱਖਣ ਪਛਾਣ ਮਾਰਕਿੰਗ *(unique identification marking)*" ਦੀ ਸ਼ੁਰੂਆਤ ਦੇ ਨਾਲ-ਨਾਲ ਨਿਰਧਾਰਤ ਵਸਤੂਆਂ ਲਈ ਟ੍ਰੈਕ-ਐਂਡ-ਟਰੇਸ ਵਿਧੀ ਦੀ ਪਾਲਣਾ ਨਾ ਕਰਨ 'ਤੇ ₹1 ਲੱਖ ਜਾਂ ਭੁਗਤਾਨ ਯੋਗ ਟੈਕਸ ਦਾ *10%* (ਜੋ ਵੀ ਵੱਧ ਹੋਵੇ) ਲਗਾਇਆ ਜਾ ਸਕੇ, ਘਰੇਲੂ ਟੈਰਿਫ ਖੇਤਰ ਨੂੰ ਨਿਰਯਾਤ ਜਾਂ ਕਲੀਅਰੈਂਸ ਤੋਂ ਪਹਿਲਾਂ ਵਿਸ਼ੇਸ਼ ਆਰਥਿਕ ਜ਼ੋਨ *(SEZ)* ਜਾਂ ਮੁਕਤ ਵਪਾਰ ਵੇਅਰਹਾਊਸਿੰਗ ਜ਼ੋਨਾਂ *(Free Trade Warehousing Zones)* ਵਿੱਚ ਵੇਅਰਹਾਊਸ ਕੀਤੇ ਗਏ ਸਮਾਨ ਲਈ ਜੁਰਮਾਨੇ ਅਤੇ ਛੋਟਾਂ ਨਾਲ ਸਬੰਧਤ ਅਪੀਲਾਂ ਲਈ ਜੁਰਮਾਨੇ ਦੀ ਰਕਮ ਦਾ *10%* ਪਹਿਲਾ ਜਮ੍ਹਾਂ *(pre-deposit)* ਕਰਨਾ ਅਤੇ ਧਾਰਾ *17(5)* ਵਿੱਚ ਸੋਧ ਕਰਨਾ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ "ਪਲਾਂਟ ਅਤੇ ਮਸ਼ੀਨਰੀ" ਵਿੱਚ ਦੋਵੇਂ ਸ਼ਰਤਾਂ ਸ਼ਾਮਲ ਹਨ। ਉਕਤ ਤਬਦੀਲੀਆਂ ਨੂੰ ਲਾਗੂ ਕਰਨ ਲਈ ਪੰਜਾਬ ਗੁਡਸ ਐਂਡ ਸਰਵਿਸਿਜ਼ ਟੈਕਸ ਐਕਟ, 2017 ਵਿੱਚ ਸੋਧ ਕਰਨ ਦੀ ਤਜਵੀਜ਼ ਹੈ।

(ਹਰਪਾਲ ਸਿੰਘ ਚੀਮਾ)
ਆਬਕਾਰੀ ਤੇ ਕਰ ਮੰਤਰੀ, ਪੰਜਾਬ

## ਵਿੱਤੀ ਮੈਮੋਰੰਡਮ

ਕੇਂਦਰੀ ਵਸਤੂਆਂ ਅਤੇ ਸੇਵਾਵਾਂ ਟੈਕਸ ਐਕਟ 2017 ਨੂੰ ਵਿੱਤ ਐਕਟ, 2025,ਦੁਆਰਾ ਸੰਸ਼ੋਧਿਤ ਕੀਤਾ ਗਿਆ ਹੈ। ਇਹ ਬਿੱਲ ਕੇਂਦਰੀ ਵਸਤੂ ਅਤੇ ਸੇਵਾਵਾਂ ਟੈਕਸ ਐਕਟ 2017 ਦੇ ਉਪਬੰਧਾਂ ਨਾਲ ਇਕਸਾਰਤਾ ਬਣਾਈ ਰੱਖਣ ਲਈ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ ਐਕਟ, 2017 (2017 ਦਾ ਪੰਜਾਬ ਐਕਟ 5) ਦੇ ਸੈਕਸ਼ਨ ਵਿੱਚ 2, 12, 13, 17, 20, 34, 38, 39, 107, 112 ਅਤੇ Schedule III ਨੂੰ ਸੋਧ ਕਰਨ ਅਤੇ ਨਵੇਂ ਸੈਕਸ਼ਨ 122A ਤੇ 148A ਸ਼ਾਮਲ ਕਰਨ ਲਈ ਸੋਧ ਬਿਲ ਦਾ ਪ੍ਰਸਤਾਵ ਕਰਦਾ ਹੈ। ਇਸ ਬਿਲ ਵਿੱਚ ਇਨਪੁਟ ਸਰਵਿਸ ਡਿਸਟ੍ਰੀਬਿਊਟਰ (ISD) ਦੀ ਪਰਿਭਾਸ਼ਾ ਵਿੱਚ ਸੋਧ ਸੰਬੰਧੀ ਉਪਬੰਧ ਹਨ ਤਾਂ ਜੋ ਰਿਵਰਸ ਚਾਰਜ ਦੇ ਆਧਾਰ 'ਤੇ ਅੰਤਰ-ਰਾਜੀ ਸਪਲਾਈ ਲਈ ਇਨਪੁਟ ਟੈਕਸ ਕ੍ਰੈਡਿਟ (ITC) ਦੀ ਵੰਡ ਨੂੰ ਸ਼ਾਮਲ ਕੀਤਾ ਜਾ ਸਕੇ, ਟ੍ਰੈਕ-ਐਂਡ-ਟਰੇਸ ਵਿਧੀ ਦੇ ਤਹਿਤ ਕੁਝ ਵਸਤੂਆਂ ਲਈ "ਵਿਲੱਖਣ ਪਛਾਣ ਮਾਰਕਿੰਗ" ਦੀ ਸ਼ੁਰੂਆਤ ਦੇ ਨਾਲ-ਨਾਲ ਨਿਰਧਾਰਤ ਵਸਤੂਆਂ ਲਈ ਟ੍ਰੈਕ-ਐਂਡ-ਟਰੇਸ ਵਿਧੀ ਦੀ ਪਾਲਣਾ ਨਾ ਕਰਨ 'ਤੇ ₹1 ਲੱਖ ਜਾਂ ਭੁਗਤਾਨ ਯੋਗ ਟੈਕਸ ਦਾ 10% (ਜੋ ਵੀ ਵੱਧ ਹੋਵੇ) ਜੁਰਮਾਨਾ ਲਗਾਇਆ ਜਾ ਸਕੇ, ਘਰੇਲੂ ਟੈਰਿਫ ਖੇਤਰ ਨੂੰ ਨਿਰਯਾਤ ਜਾਂ ਕਲੀਅਰੈਂਸ ਤੋਂ ਪਹਿਲਾਂ ਵਿਸ਼ੇਸ਼ ਆਰਥਿਕ ਜ਼ੋਨ (SEZ) ਜਾਂ ਮੁਕਤ ਵਪਾਰ ਵੇਅਰਹਾਊਸਿੰਗ ਜ਼ੋਨਾਂ ਵਿੱਚ ਵੇਅਰਹਾਊਸ ਕੀਤੇ ਗਏ ਸਮਾਨ ਲਈ ਛੋਟਾਂ, ਜੁਰਮਾਨੇ ਨਾਲ ਸਬੰਧਤ ਅਪੀਲਾਂ ਲਈ ਜੁਰਮਾਨੇ ਦੀ ਰਕਮ ਦਾ 10% ਪਹਿਲਾ ਜਮ੍ਹਾ (pre-deposit) ਕਰਨਾ, ਜੇਕਰ ਕਰਦਾਤਾ ITC ਨੂੰ ਰਿਵਰਸ ਕਰਨ ਜਾਂ ਟੈਕਸ ਬੋਝ ਪਾਸ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਆਉਟਪੁੱਟ ਟੈਕਸ ਅਡਜਸਟਮੈਂਟ ਨੂੰ ਸੀਮਤ ਕਰਨਾ ਅਤੇ ਧਾਰਾ 17(5) ਵਿੱਚ ਸੋਧ ਕਰਨਾ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ "ਪਲਾਂਟ ਅਤੇ ਮਸ਼ੀਨਰੀ" ਵਿੱਚ ਦੋਵੇਂ ਸ਼ਰਤਾਂ ਸ਼ਾਮਲ ਹਨ। ਇਹਨਾਂ ਵਿਵਸਥਾਵਾਂ ਦੇ ਰਾਜ ਵਿਧਾਨ ਸਭਾ ਦੇ ਐਕਟ ਦੇ ਰੂਪ ਵਿੱਚ ਲਾਗੂ ਹੋਣ 'ਤੇ ਰਾਜ ਦੇ ਏਕੀਕ੍ਰਿਤ ਫੰਡ (Consolidated Fund of the State) ਤੋਂ ਆਵਰਤੀ ਜਾਂ ਗੈਰ-ਆਵਰਤੀ ਖਰਚੇ ਸ਼ਾਮਲ ਨਹੀਂ ਹਨ।

(ਹਰਪਾਲ ਸਿੰਘ ਚੀਮਾ)

ਆਬਕਾਰੀ ਤੇ ਕਰ ਮੰਤਰੀ, ਪੰਜਾਬ